PSEB-CC0S171(T009)/1/2020-LAB-COMP. CELL-PSEB

I/104994/2025

**ਪੰਜਾਬ ਸਕੂਲ ਸਿੱਖਿਆ ਬੋਰਡ**
**(ਐਫੀਲੀਏਸ਼ਨ ਸ਼ਾਖਾ)**

ਵੱਲ:

ਪ੍ਰਿੰਸੀਪਲ / ਮੁੱਖ ਅਧਿਆਪਕ/ ਮੁੱਖ ਅਧਿਆਪਿਕਾ,
ਪੰਜਾਬ ਰਾਜ ਦੀਆਂ ਐਫੀਲੀਏਟਿਡ ਸਕੂਲਜ਼।

ਨੰਬਰ: ਪਸਸਬ-ਐਫੀ: 2025/ 1683 ਮਿਤੀ: 4/2/25

**ਵਿਸ਼ਾ: ਦਸਵੀਂ/ਬਾਰ੍ਹਵੀਂ ਲਈ ਸਲਾਨਾ ਪ੍ਰਗਤੀ ਰਿਪੋਰਟ ਜਮ੍ਹਾ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਜਿਹੜੀਆਂ ਸੰਸਥਾਵਾਂ ਵੱਲੋਂ ਸਾਲ 2024-25 ਦੇ ਪੋਰਟਲ ਵਿੱਚ ਸਲਾਨਾ ਪ੍ਰਗਤੀ ਰਿਪੋਰਟ ਪਹਿਲਾਂ ਜਾਰੀ ਪੱਤਰ ਨੰ: ਪਸਸਬ-ਐਫੀ: 2024/2637 ਮਿਤੀ: 25-07-2024 ਵਿੱਚ ਦਰਜ ਸ਼ਡਿਊਲ ਅਨੁਸਾਰ ਜਮ੍ਹਾ ਨਹੀਂ ਕਰਵਾਈ ਗਈ, ਉਹਨਾਂ ਸੰਸਥਾਵਾਂ ਨੂੰ ਮਿਤੀ: 20-12-2024 ਤੱਕ ਇੱਕ ਹੋਰ ਮੌਕਾ ਦਿੰਦੇ ਹੋਏ ਸਲਾਨਾ ਪ੍ਰਗਤੀ ਰਿਪੋਰਟ ਜਮ੍ਹਾ ਕਰਵਾਉਣ ਲਈ ਪੱਤਰ ਨੰਬਰ: ਪਸਸਬ-ਐਫੀ: 2024/1174 ਮਿਤੀ: 28-11-2024 ਜਾਰੀ ਕੀਤਾ ਗਿਆ ਸੀ, ਪ੍ਰੰਤੂ ਇਸ ਉਪਰੰਤ ਵੀ ਕੁਝ ਸੰਸਥਾਵਾਂ ਵੱਲੋਂ ਸਲਾਨਾ ਪ੍ਰਗਤੀ ਰਿਪੋਰਟ ਨਹੀਂ ਭਰੀ ਗਈ। ਇਸ ਲਈ ਅਜਿਹੀਆਂ ਸੰਸਥਾਵਾਂ ਹੇਠ ਦਰਜ ਸ਼ਡਿਊਲ ਅਨੁਸਾਰ ਸਲਾਨਾ ਪ੍ਰਗਤੀ ਰਿਪੋਰਟ ਭਰ ਸਕਦੀਆਂ ਹਨ:-

| ਮਿਤੀ | ਫੀਸ |
|---|---|
| 17 ਫਰਵਰੀ 2025 ਤੱਕ | 20,000 ਰੁ: ਜੁਰਮਾਨਾ + 3600/- ਰੁ: (18% GST) |

ਉਕਤ ਅਨੁਸਾਰ ਆਨ ਲਾਇਨ ਪੋਰਟਲ ਵਿੱਚ ਸਲਾਨਾ ਪ੍ਰਗਤੀ ਰਿਪੋਰਟ ਦੇ ਦਸਤਾਵੇਜ਼ ਭਰਨ ਉਪਰੰਤ ਫੀਸ ਸਬੰਧੀ ਚਲਾਨ ਐਫੀਲੀਏਸ਼ਨ ਸ਼ਾਖਾ, ਮੁੱਖ ਦਫਤਰ, ਮੁਹਾਲੀ ਵਿਖੇ ਜਨਰੇਟ ਕੀਤਾ ਜਾਵੇਗਾ ਅਤੇ ਇਸ ਸਬੰਧੀ ਫੀਸ ਕੈਸ਼ੀਅਰ ਕੋਲ ਜਮ੍ਹਾ ਕਰਵਾਉਣ ਉਪਰੰਤ ਸਬੰਧਤ ਸ਼ਾਖਾ ਤੋਂ ਵੈਰੀਫਾਈ ਕਰਵਾਈ ਜਾਵੇ।

4/2/25

ਸੁਪਰਡੰਟ (ਐਫੀਲੀਏਸ਼ਨ )
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

Scanned with CamScanner